Workers' Compensation Board – Alberta

Worker
Fact Sheet

# ਉਪ-ਠੇਕੇਦਾਰਾਂ ਅਤੇ ਮਾਲਕ ਆਪਰੇਟਰਾਂ (ਨਿੱਜੀ ਕਵਰੇਜ ਤੋਂ ਬਿਨਾਂ) ਲਈ ਮੁਆਵਜ਼ੇ ਦੀਆਂ ਦਰਾਂ ਨਿਰਧਾਰਤ ਕਰਨਾ

ਤੁਹਾਡੀ ਮੁਆਵਜ਼ਾ ਦਰ ਇਸ ਗੱਲ 'ਤੇ ਅਧਾਰਤ ਹੋਵੇਗੀ ਕਿ ਤੁਸੀ ਹਾਦਸੇ ਸਮੇਂ **ਮਾਲਕ ਆਪਰੇਟਰ** ਜਾਂ **ਉਪ-ਠੇਕੇਦਾਰ** ਸੀ।

## ਮਾਲਕ-ਆਪਰੇਟਰ

ਮਾਲਕ-ਆਪਰੇਟਰ ਇੱਕ ਅਜਿਹਾ ਵਰਕਰ ਹੁੰਦਾ ਹੈ ਜੋ ਮੋਬਾਈਲ ਉਦਯੋਗਿਕ ਉਪਕਰਣ ਦਾ ਮਾਲਕ ਅਤੇ ਆਪਰੇਟਰ ਹੁੰਦਾ ਹੈ, ਜਿਵੇਂ ਕਿ ਇੱਕ ਟਰੈਕਟਰ/ਟਰੇਲਰ ਯੂਨਿਟ, ਬੋਬਕੈਟ, ਸਪੁਰਦਗੀ ਟਰੱਕ, ਜਾਂ ਟਰੱਕ-ਮਾਉਂਟਡ ਮੋਬਾਈਲ ਵੈਲਡਿੰਗ ਯੂਨਿਟ।

(ਹਾਲਾਂਕਿ ਮੁਆਵਜ਼ੇ ਦੀ ਦਰ ਸਥਾਪਤ ਕਰਨ ਦੇ ਉਦੇਸ਼ ਨਾਲ ਅਸੀਂ ਤੁਹਾਨੂੰ ਮਾਲਕ-ਆਪਰੇਟਰ ਸਮਝ ਸਕਦੇ ਹਾਂ, ਤੁਸੀਂ ਕਿਸੇ ਰੁਜ਼ਗਾਰਦਾਤਾ ਨਾਲ ਉਪ-ਕਾਨਟਰੈਕਟ ਵੀ ਕਰ ਸਕਦੇ ਹੋ)

## ਉਪ-ਕਾਨਟਰੈਕਟਰ

ਇੱਕ ਉਪ-ਕਾਨਟਰੈਕਟਰ ਉਹ ਵਿਅਕਤੀ ਹੁੰਦਾ ਹੈ ਜੋ ਕਿਸੇ ਹੋਰ ਵਿਅਕਤੀ ਜਾਂ ਰੁਜ਼ਗਾਰਦਾਤਾ ਲਈ ਕੰਮ ਕਰਨ ਦਾ ਸਮਝੌਤਾ ਕਰਦਾ ਹੈ ਅਤੇ ਉਸ ਕੰਮ ਨੂੰ ਕਰਨ ਲਈ ਖਰਚੇ ਕਰਦਾ ਹੈ।

## ਜੇ ਮੈਂ ਮਾਲਕ-ਆਪਰੇਟਰ ਹਾਂ ਤਾਂ WCB ਮੇਰੀ ਮੁਆਵਜ਼ਾ ਦਰ ਕਿਵੇਂ ਨਿਰਧਾਰਤ ਕਰਦਾ ਹੈ?

ਨੀਤੀ 04-01 ਭਾਗ II ਦੇ ਅਨੁਸਾਰ, ਮਾਲਕ-ਆਪਰੇਟਰਾਂ ਲਈ ਮੁਆਵਜ਼ੇ ਦੀਆਂ ਦਰਾਂ ਇਸ ਤੋਂ ਵੱਧ ਦੇ ਅਧਾਰ 'ਤੇ ਨਿਰਧਾਰਤ ਕੀਤੀਆਂ ਗਈਆਂ ਹਨ:

- ਵਰਕਰ ਦੀ ਕੁੱਲ ਆਮਦਨ, ਵਿੱਚੋਂ ਕਾਰੋਬਾਰੀ ਖਰਚੇ ਘਟਾ ਕੇ,
  **ਜਾਂ...**
- ਇਹਨਾਂ ਵੈਲਡਰਾਂ ਲਈ ਕੁੱਲ ਆਮਦਨੀ ਦਾ 50% ਜੋ ਇੱਕ ਵੈਲਡਿੰਗ ਯੂਨਿਟ ਦੇ ਮਾਲਕ ਅਤੇ ਆਪਰੇਟਰ ਹਨ,
- ਹੋਰਨਾਂ ਕਿਸਮਾਂ ਦੇ ਮਾਲਕ-ਆਪਰੇਟਰਾਂ ਲਈ ਕੁੱਲ ਆਮਦਨੀ ਦਾ 25%

ਜੇ ਜਦੋਂ ਦਾਅਵਾ ਸਵੀਕਾਰਿਆ ਜਾਂਦਾ ਹੈ, ਤੁਹਾਡੀ ਕੁੱਲ ਕਮਾਈ ਫਾਈਲ 'ਤੇ ਹੈ ਤਾਂ ਅਸੀਂ ਤੁਹਾਡੀ ਮੁਆਵਜ਼ੇ ਦੀ ਦਰ ਕੁੱਲ ਕਮਾਈ ਦੇ 50% ਜਾਂ 25% ਦੇ ਅਧਾਰ 'ਤੇ ਨਿਰਧਾਰਤ ਕਰਾਂਗੇ। ਜੇ ਤੁਹਾਡੀ ਕੁੱਲ ਕਮਾਈ ਫਾਈਲ 'ਤੇ ਨਹੀਂ ਹੈ, ਤਾਂ ਅਸੀਂ ਤੁਹਾਡੇ ਲਈ ਇੱਕ ਆਰਜ਼ੀ ਮੁਆਵਜ਼ਾ ਦਰ ਨਿਰਧਾਰਤ ਕਰਾਂਗੇ, ਜੋ ਆਮ ਤੌਰ 'ਤੇ ਘੱਟੋ-ਘੱਟ ਉਜਰਤ, ਅਤੇ ਤੁਹਾਡੇ ਪਰਤੀ ਹਫ਼ਤਾ ਕੰਮ ਕਰਨ ਦੇ ਔਸਤਨ ਘੰਟਿਆਂ ਦੇ ਬਰਾਬਰ ਹੁੰਦੀ ਹੈ।

ਫਿਰ ਅਸੀ ਤੁਹਾਨੂੰ ਤੁਹਾਡੇ ਹਾਦਸੇ ਤੋਂ ਪਹਿਲਾਂ ਟੈਕਸ ਸਾਲ ਲਈ T1 ਜਨਰਲ ਦੀ ਇੱਕ ਕਾਪੀ ਲਈ ਬੇਨਤੀ ਕਰਨ ਵਾਸਤੇ ਇੱਕ ਪੱਤਰ ਭੇਜਦੇ ਹਾਂ।

ਜੇ ਤੁਹਾਡੇ ਟੈਕਸ ਦੇ ਦਸਤਾਵੇਜ਼ ਕੁੱਲ ਆਮਦਨੀ ਵਿੱਚੋਂ ਖਰਚਿਆਂ ਨੂੰ ਘਟਾ ਕੇ ਉੱਪਰ ਦੱਸੇ ਗਏ ਪਰਤਿਸ਼ਤ ਨਾਲੋਂ ਵੱਧ ਦੀ ਪੁਸ਼ਟੀ ਕਰਦੇ ਹਨ, ਤਾਂ ਤੁਹਾਡੀ ਮੁਆਵਜ਼ੇ ਦੀ ਦਰ ਕੁੱਲ ਆਮਦਨੀ ਵਿੱਚੋਂ ਖਰਚਿਆਂ ਨੂੰ ਘਟਾ ਕੇ ਮਿਲੀ ਰਕਮ ਨੂੰ ਦਰਸਾਉਣ ਲਈ ਵਿਵਸਥਿਤ ਕੀਤੀ ਜਾਏਗੀ।

ਜੇ ਤੁਹਾਡੇ ਟੈਕਸ ਦੇ ਦਸਤਾਵੇਜ਼ ਕੁੱਲ ਆਮਦਨੀ ਵਿੱਚੋਂ ਖਰਚਿਆਂ ਨੂੰ ਘਟਾ ਕੇ ਉੱਪਰ ਦੱਸੇ ਗਏ ਪਰਤਿਸ਼ਤ ਨਾਲੋਂ ਵੱਧ ਦੀ ਪੁਸ਼ਟੀ ਨਹੀਂ ਕਰਦੇ ਹਨ, ਤਾਂ ਤੁਹਾਡੀ ਮੁਆਵਜ਼ਾ ਦਰ ਵੈਲਡਰਾਂ ਲਈ ਕੁੱਲ ਆਮਦਨ ਦੇ 50% ਦੇ ਅਧਾਰ 'ਤੇ ਜਾਂ ਹੋਰਨਾਂ ਸਾਰੀਆਂ ਕਿਸਮਾਂ ਦੇ ਮਾਲਕ-ਆਪਰੇਟਰਾਂ ਲਈ ਕੁੱਲ ਆਮਦਨ ਦੇ 25% ਅਧਾਰ 'ਤੇ ਨਿਰਧਾਰਤ ਕੀਤੀ ਜਾਏਗੀ (ਜਾਂ ਨਿਰਧਾਰਤ ਰਹੇਗੀ)।

## ਜੇ ਮੈਂ ਇੱਕ ਉਪ-ਕਾਨਟਰੈਕਟਰ ਹਾਂ ਤਾਂ WCB ਮੇਰੀ ਮੁਆਵਜ਼ਾ ਦਰ ਕਿਵੇਂ ਨਿਰਧਾਰਤ ਕਰਦਾ ਹੈ?

**ਨੀਤੀ 04-01 ਭਾਗ II** ਦੇ ਅਨੁਸਾਰ, ਉਪ-ਠੇਕੇਦਾਰਾਂ ਲਈ ਮੁਆਵਜ਼ੇ ਦੀਆਂ ਦਰਾਂ ਤੁਹਾਡੀ ਕੁੱਲ ਆਮਦਨੀ ਵਿੱਚੋਂ ਕੋਈ ਵੀ ਕਾਰੋਬਾਰੀ ਖਰਚੇ ਘਟਾ ਕੇ ਮਿਲੀ ਰਕਮ ਦੇ ਅਧਾਰ 'ਤੇ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

ਜੇ ਤੁਹਾਡਾ ਦਾਅਵਾ ਕੁੱਲ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਅਸੀ ਤੁਹਾਡੇ ਲਈ ਇੱਕ ਆਰਜ਼ੀ ਮੁਆਵਜ਼ਾ ਦਰ ਨਿਰਧਾਰਤ ਕਰਾਂਗੇ, ਜੋ ਆਮ ਤੌਰ 'ਤੇ ਘੱਟੋ-ਘੱਟ ਉਜਰਤ, ਅਤੇ ਤੁਹਾਡੇ ਪਰਤੀ ਹਫ਼ਤਾ ਕੰਮ ਕਰਨ ਦੇ ਔਸਤਨ ਘੰਟਿਆਂ ਦੇ ਬਰਾਬਰ ਹੁੰਦੀ ਹੈ। ਫਿਰ ਅਸੀ ਤੁਹਾਨੂੰ ਤੁਹਾਡੇ ਹਾਦਸੇ ਤੋਂ ਪਹਿਲਾਂ ਟੈਕਸ ਸਾਲ ਲਈ T1 ਜਨਰਲ ਦੀ ਇੱਕ ਕਾਪੀ ਲਈ ਬੇਨਤੀ ਕਰਨ ਵਾਸਤੇ ਇੱਕ ਪੱਤਰ ਭੇਜਦੇ ਹਾਂ।

ਜਦੋਂ ਸਾਨੂੰ ਤੁਹਾਡੇ ਟੈਕਸ ਦਸਤਾਵੇਜ਼ ਮਿਲ ਜਾਂਦੇ ਹਨ, ਤਾਂ ਅਸੀਂ ਤੁਹਾਡੀ ਕੁੱਲ ਆਮਦਨੀ ਵਿੱਚੋਂ ਕਾਰੋਬਾਰੀ ਖਰਚਿਆਂ ਨੂੰ ਘਟਾ ਕੇ ਮਿਲੀ ਰਕਮ ਨੂੰ ਦਰਸਾਉਣ ਲਈ ਤੁਹਾਡੀ ਮੁਆਵਜ਼ਾ ਦਰ ਨੂੰ ਵਿਵਸਥਿਤ ਕਰਾਂਗੇ।

## ਮੈਨੂੰ ਤਨਖ਼ਾਹ ਬਦਲੀ ਦੇ ਲਾਭ ਵਿੱਚ ਕਿੰਨਾ ਕੁ ਪਰ੍ਾਪਤ ਹੋਵੇਗਾ?

ਜੇ ਤੁਸੀ ਕੰਮ ਨਾਲ ਸੰਬੰਧਿਤ ਸੱਟ ਕਰਕੇ ਕੰਮ ਤੋ ਸਮਾਂ ਗੁਆ ਰਹੇ ਹੋ, ਤਾਂ ਤੁਸੀ ਭੱਤਾ ਵਟਾਂਦਰਾ ਲਾਭਾਂ ਲਈ ਹੱਕਦਾਰ ਹੋ ਸਕਦੇ ਹੋ। ਜਦੋਂ ਅਸੀ ਕਿਸੇ ਮਾਲਕ-ਆਪਰੇਟਰ ਜਾਂ ਉਪ-ਕਾਨਟਰੈਕਟਰ ਲਈ ਉੱਪਰ ਦੱਸੇ ਅਨੁਸਾਰ ਮੁਆਵਜ਼ੇ ਦੀਆਂ ਦਰਾਂ ਨਿਰਧਾਰਤ ਕਰਦੇ ਹਾਂ, ਤਾਂ ਇਹ ਕੁੱਲ ਕਮਾਈ ਦੇ ਅਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ (ਜੇ ਲਾਗੂ ਹੁੰਦਾ ਹੈ ਤਾਂ ਵਪਾਰਕ ਖਰਚਿਆਂ ਨੂੰ ਘਟਾਉਣ ਦੇ ਬਾਅਦ)।

ਹਾਲਾਂਕਿ, ਵਰਕਰ ਮੁਆਵਜ਼ਾ ਕਾਨੂੰਨ ਦਾ ਸੈਕਸ਼ਨ 56 ਸਾਨੂੰ ਦੱਸਦਾ ਹੈ ਕਿ ਜੇ ਤੁਹਾਡੀ ਦੁਰਘਟਨਾ ਦੀ ਮਿਤੀ 1 ਸਤੰਬਰ, 2018 ਤੋਂ ਪਹਿਲਾਂ ਸੀ ਜਾਂ 1 ਜਨਵਰੀ, 2021 ਨੂੰ ਜਾਂ ਬਾਅਦ ਵਿੱਚ ਸੀ ਤਾਂ ਸਾਲਾਨਾ ਵੱਧ ਤੋਂ ਵੱਧ ਸ਼ੁੱਧ ਕਮਾਈ ਦੇ 90% ਦੇ ਅਧਾਰ 'ਤੇ ਮੁਆਵਜ਼ਾ ਅਦਾ ਕੀਤਾ ਜਾਵੇ।

ਜੇ ਤੁਹਾਡੀ ਦੁਰਘਟਨਾ ਦੀ ਮਿਤੀ 1 ਸਤੰਬਰ, 2018 ਨੂੰ ਜਾਂ ਇਸ ਤੋਂ ਬਾਅਦ 31 ਦਸੰਬਰ, 2020 ਤੱਕ ਸੀ, ਤਾਂ ਕੋਈ ਅਧਿਕਤਮ ਨਹੀਂ ਸੀ।

## ਜਦੋਂ ਤੁਸੀ ਮੇਰੀ ਕੁੱਲ ਕਮਾਈ ਨਿਰਧਾਰਤ ਕਰ ਲੈਂਦੇ ਹੋ, ਤਾਂ ਤੁਹਾਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀ ਸ਼ੁੱਧ ਕਮਾਈ ਕੀ ਹੈ?

ਹਰ ਸਾਲ, ਸਾਨੂੰ ਕੈਨੇਡਾ ਰੈਵਿਨਿਊ ਏਜੰਸੀ (CRA) ਤੋਂ ਜਾਣਕਾਰੀ ਮਿਲਦੀ ਹੈ ਜੋ ਸਾਨੂੰ ਬਰਾਬਰ ਦੀ CPP, ਰੁਜ਼ਗਾਰ ਬੀਮਾ ਅਤੇ ਆਮਦਨੀ ਟੈਕਸ ਦੀਆਂ ਰਕਮਾਂ ਬਾਰੇ ਦੱਸਦੀ ਹੈ, ਜਿਸਦੀ ਵਰਤੋਂ ਅਸੀ ਤੁਹਾਡੀ ਸ਼ੁੱਧ ਆਮਦਨੀ ਨਿਰਧਾਰਤ ਕਰਨ ਲਈ ਕਰਦੇ ਹਾਂ। ਫਿਰ ਅਸੀ ਸਾਲਾਨਾ ਅਧਿਕਤਮ ਦੇ ਅਧੀਨ ਇਸ ਸ਼ੁੱਧ ਕਮਾਈ ਦਾ 90% ਭੁਗਤਾਨ ਕਰਦੇ ਹਾਂ (ਸਾਲਾਨਾ ਅਧਿਕਤਮ ਦਾਅਵਿਆਂ ਨੂੰ ਪਰ੍ਭਾਵਤ ਕਰਦਾ ਹੈ ਜਿੱਥੇ ਦੁਰਘਟਨਾ ਦੀ ਮਿਤੀ 1 ਸਤੰਬਰ, 2018 ਤੋਂ ਪਹਿਲਾਂ ਸੀ ਜਾਂ 1 ਜਨਵਰੀ, 2021 ਨੂੰ/ਦੇ ਬਾਅਦ ਸੀ)।

## ਜੇ ਮੇਰੀ ਸੱਟ ਲੱਗਣ ਵੇਲੇ ਮੇਰੀ ਦੂਜੀ ਨੌਂਕਰੀ ਹੋਵੇ ਤਾਂ?

ਜੇ ਤੁਹਾਡੇ ਜ਼ਖ਼ਮੀ ਹੋਣ 'ਤੇ ਤੁਹਾਡੇ ਕੋਲ ਦੂਜੀ ਨੌਂਕਰੀ ਸੀ, ਅਤੇ ਤੁਹਾਡੀ ਸੱਟ ਤੁਹਾਨੂੰ ਤੁਹਾਡੀ ਦੂਸਰੀ ਨੌਂਕਰੀ ਕਰਨ ਤੋਂ ਰੋਕਦੀ ਹੈ, ਤਾਂ ਤੁਹਾਡੀ ਮੁਆਵਜ਼ੇ ਦੀ ਦਰ ਨਿਰਧਾਰਤ ਕਰਦੇ ਸਮੇਂ ਅਸੀ ਉਹਨਾਂ ਕਮਾਈਆਂ ਬਾਰੇ ਵੀ ਵਿਚਾਰ ਕਰ ਸਕਦੇ ਹਾਂ। ਅਸੀ ਇਸ ਨੂੰ ਤੁਹਾਡੀ ਸਹਿ ਦਰ ਕਹਿੰਦੇ ਹਾਂ।

## ਮੈਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ, ਮੇਰੇ ਸਰੋਤ ਕੀ ਹਨ?

ਵਰਕਰ ਮੁਆਵਜ਼ਾ ਕਾਨੂੰਨ ਦਾ ਸੈਕਸ਼ਨ 56

ਸਧਾਰਨ ਨਿਯਮਾਂ ਦੀ ਦਾ ਸੈਕਸ਼ਨ 1(2)

WCB ਪਾਲਿਸੀ ਮੈਨੁਅਲ ਤੋਂ ਅੰਤਕਾ E

WCB ਪਾਲਿਸੀ 04-01 ਭਾਗ I - ਸ਼ੁੱਧ ਕਮਾਈ ਸਥਾਪਿਤ ਕਰਨੀ

WCB ਪਾਲਿਸੀ 04-01 ਭਾਗ II - ਚੈਪਟਰ 4 (ਲਾਭ) ਵਿਸ਼ਾ A1 (ਆਮ)

WCB ਪਾਲਿਸੀ 04-01 ਭਾਗ II - ਚੈਪਟਰ 4 (ਲਾਭ) ਵਿਸ਼ਾ A2 (ਖਾਸ ਹਾਲਾਤ)

ਸ਼ੁੱਧ ਕਮਾਈ ਦਾ 90% ਤੱਥ ਸ਼ੀਟ

www.wcb.ab.ca • contactcentre@wcb.ab.ca • 1-866-922-9221 (AB ਦੇ ਅੰਦਰ) 1-800-661-9608 (AB ਦੇ ਬਾਹਰ)